## ਜੇਕਰ ਤੁਹਾਨੂੰ 100.4ºF (38ºC) ਜਾਂ ਉਸ ਤੋਂ ਵੱਧ ਬੁਖਾਰ ਹੈ:



1. ਭਾਵੇਂ ਹਫ਼ਤੇ ਦਾ ਅੰਤਮ ਦਿਨ, ਛੁੱਟੀ ਹੋਵੇ ਜਾਂ ਅੱਧੀ ਰਾਤ ਹੋਵੇ - **ਆਪਣੇ ਕੈਂਸਰ ਦੇ ਡਾਕਟਰ ਨੂੰ ਤੁਰੰਤ ਕਾਲ ਕਰੋ।** ਆਪਣੇ ਡਾਕਟਰ ਦੀ ਇਜਾਜ਼ਤ ਤੋਂ ਬਿਨਾਂ ਬੁਖਾਰ ਨੂੰ ਘਟਾਉਣ ਵਾਲੀਆਂ ਦਵਾਈਆਂ ਜਿਵੇਂ ਕਿ: : aspirin, acetaminophen (Tylenol), ibuprofen (Advil, Motrin) ਜਾਂ naproxen (Aleve) ਨਾ ਲਓ।

2. ਜੇਕਰ ਤੁਹਾਨੂੰ 20 ਮਿੰਟਾਂ ਵਿੱਚ ਕੋਈ ਵੀ ਕਾਲ ਨਹੀਂ ਕਰਦਾ, ਤਾਂ ਆਪਣੇ ਨੇੜਲੇ ਐਮਰਜੈਂਸੀ ਵਿਭਾਗ (Emergency Department ED) ਵਿੱਚ ਜਾਓ। ਆਪਣੇ ਡਾਕਟਰ ਦੇ ਦਫ਼ਤਰ ਵਿੱਚ ਦੁਬਾਰਾ ਕਾਲ ਕਰੋ ਅਤੇ ਉਨ੍ਹਾਂ ਨੂੰ ਦੱਸੋ ਕਿ ਤੁਸੀਂ ਕਿਹੜੇ ED ਕੋਲ ਜਾ ਰਹੇ ਹੋ।

3. ਜੇਕਰ ਤੁਸੀਂ ED ਵਿੱਚ ਜਾਂਦੇ ਹੋ, ਤਾਂ ਜਾਂਦੇ ਸਾਰ ਹੀ ED ਚੈੱਕ-ਇਨ ਸਟਾਫ਼ **ਅਤੇ** ਟ੍ਰਾਈਏਜ਼ ਨਰਸ ਨੂੰ ਦੱਸੋ:
    - ਤੁਸੀਂ ਕੈਂਸਰ ਦਾ ਇਲਾਜ ਕਰਵਾ ਰਹੇ ਹੋ
    - ਆਪਣੇ ਕੈਂਸਰ ਦੇ ਡਾਕਟਰ ਦਾ ਨਾਮ
    - ਤੁਹਾਨੂੰ ਬੁਖਾਰ ਅਤੇ ਐਮਰਜੈਂਸੀ ਹੈ

**ਜੇਕਰ ਤੁਹਾਨੂੰ ਬੁਖਾਰ ਹੈ, ਤਾਂ ਜਲਦ ਤੋਂ ਜਲਦ ED ਚੈੱਕ-ਇਨ ਸਟਾਫ਼ ਅਤੇ ਟ੍ਰਾਇਏਜ਼ ਨਰਸ ਨੂੰ ਦੱਸਣਾ ਯਕੀਨੀ ਬਣਾਓ।** ਬੁਖਾਰ ਦਾ ਮਤਲਬ ਹੈ ਕਿ ਤੁਹਾਨੂੰ ਲਾਗ ਹੋ ਸਕਦੀ ਹੈ। ਇਹ ਜਾਨਲੇਵਾ ਬਿਮਾਰੀ ਹੋ ਸਕਦੀ ਹੈ ਅਤੇ ਤੁਹਾਡੀ ਤੁਰੰਤ ਜਾਂਚ ਕੀਤੀ ਜਾਣੀ ਚਾਹੀਦੀ ਹੈ।

ਜੇਕਰ ਤੁਹਾਡੇ ਡਾਕਟਰ ਨੂੰ ਲੱਗਦਾ ਹੈ ਕਿ ਤੁਸੀਂ ਬਹੁਤ ਬਿਮਾਰ ਹੋ, ਤਾਂ ਉਹ ਤੁਹਾਨੂੰ ਐਂਬੂਲੈਂਸ 'ਤੇ ED ਵਿੱਚ ਜਾਣ ਲਈ ਕਹਿ ਸਕਦਾ ਹੈ। ਜੇਕਰ ਅਜਿਹਾ ਹੈ, ਤਾਂ ਇਹ ਤੁਹਾਡੀ ਸੁਰੱਖਿਆ ਲਈ ਹੈ।

ED ਸਟਾਫ਼ ਨੂੰ ਆਪਣੀ ਦਵਾਈ ਵਾਲੀ ਸੂਚੀ ਦੀ ਇੱਕ ਕਾਪੀ ਦੇਣਾ ਨਾ ਭੁੱਲੋ।

**ਮੇਰਾ ਡਾਕਟਰ:**________________________________________

**ਮੇਰੇ ਡਾਕਟਰ ਦਾ ਫ਼ੋਨ ਨੰਬਰ:**__________________________________

**ਕਿਸੇ ਵੀ ਸਮੱਸਿਆ ਲਈ 911 'ਤੇ ਕਾਲ ਕਰੋ ਜੇਕਰ ਤੁਹਾਨੂੰ ਲੱਗਦਾ ਹੈ ਕਿ ਐਮਰਜੈਂਸੀ ਹੈ।**

ਜੇਕਰ ਤੁਸੀਂ ਡਾਕਟਰ ਦੇ ਦਫ਼ਤਰ ਦੇ ਬੰਦ ਹੋ ਜਾਣ ਤੋਂ ਬਾਅਦ ਕਾਲ ਕਰਦੇ ਹੋ, ਤਾਂ ਤੁਹਾਨੂੰ ਸਾਡੀ ਸਮਾਧਾਨ ਸੇਵਾ ਨਾਲ ਸੰਪਰਕ ਕਰਨਾ ਚਾਹੀਦਾ ਹੈ। ਜੇਕਰ ਤੁਸੀਂ **ਕੰਮਕਾਜੀ ਘੰਟਿਆਂ ਤੋਂ ਬਾਅਦ, ਹਫ਼ਤੇ ਦੇ ਆਖਰੀ ਦਿਨ ਜਾਂ ਛੁੱਟੀ ਵਾਲੇ ਦਿਨ** UH Seidman Cancer Center ਤੱਕ ਪਹੁੰਚ ਨਹੀਂ ਕਰ ਪਾਉਂਦੇ ਹੋ, ਤਾਂ ਤੁਸੀਂ ਸਿੱਧਾ 1-877-669-2902 'ਤੇ ਸਮਾਧਾਨ ਸੇਵਾ ਨੂੰ ਕਾਲ ਕਰ ਸਕਦੇ ਹੋ।

# ਆਪਣੇ ਡਾਕਟਰ ਨੂੰ ਤੁਰੰਤ ਕਾਲ ਕਰੋ ਜੇਕਰ ਤੁਹਾਨੂੰ:

**ਲਾਗ ਦੇ ਲੱਛਣ ਹਨ ਜਿਨ੍ਹਾਂ ਵਿੱਚ ਸ਼ਾਮਲ ਹਨ:**

- 100.4°F (38ºC) ਜਾਂ ਇਸ ਤੋਂ ਵੱਧ ਬੁਖਾਰ
- ਕਾਂਬਾ, ਠੰਢ ਲੱਗਣਾ ਜਾਂ ਪਸੀਨਾ ਆਉਣਾ ਜੋ ਹੁਣੇ ਹੋਇਆ ਹੈ ਜਾਂ ਵਿਗੜਦਾ ਜਾ ਰਿਹਾ ਹੈ
- ਜ਼ਖ਼ਮ, ਪੋਰਟ ਅਤੇ IV ਸਾਈਟਾਂ ਸਮੇਤ ਸਰੀਰ ਦੇ ਕਿਸੇ ਵੀ ਹਿੱਸੇ 'ਤੇ ਲਾਲੀ, ਚੀਸ, ਪੀਕ ਨਿਕਲਣਾ (ਰਾਧ), ਦਰਦ ਜਾਂ ਸੋਜ਼ਸ਼
- ਸਾਹ ਲੈਣ ਵਿੱਚ ਦਿੱਕਤ ਜੋ ਨਵੀਂ ਹੋਈ ਹੈ ਜਾਂ ਵਧਦੀ ਜਾ ਰਹੀ ਹੈ
- ਤੁਹਾਡੀ ਚਮੜੀ ਉੱਤੇ ਦਾਣੇ ਜਾਂ ਨਵੇਂ ਜ਼ਖ਼ਮ
- ਗਲੇ ਵਿੱਚ ਖ਼ਰਾਸ਼, ਮੂੰਹ ਵਿੱਚ ਨਵੇਂ ਛਾਲੇ ਜਾਂ ਚਿੱਟੇ ਛਾਲੇ
- ਸਾਇਨਸ ਦਰਦ, ਦਬਾਅ ਜਾਂ ਨੱਕ ਬੰਦ ਹੋਣਾ
- ਉਲਟੀਆਂ ਆਉਣਾ
- ਖ਼ੂਨ ਜਾਂ ਝੱਗ ਵਾਲਾ ਪਿਸ਼ਾਬ
- ਵਾਰ-ਵਾਰ ਪਿਸ਼ਾਬ ਆਉਣਾ ਜਾਂ ਪਿਸ਼ਾਬ ਕਰਦੇ ਸਮੇਂ ਦਰਦ ਜਾਂ ਜਲਣ ਹੋਣਾ
- ਨਵੀਂ ਖੰਘ, ਖੰਘ ਵਿੱਚ ਤਬਦੀਲੀ ਜਾਂ ਹਰੀ ਜਾਂ ਪੀਲੀ ਬਲਗਮ ਵਾਲੀ ਖੰਘ
- ਵੈਜਿਨਲ ਡਿਸਚਾਰਜ ਜਾਂ ਖੁਜਲੀ ਜੋ ਤੁਹਾਡੇ ਲਈ ਆਮ ਨਹੀਂ ਹੈ
- ਗਰਦਨ ਆਕੜ ਜਾਣਾ
- 24 ਘੰਟਿਆਂ ਵਿੱਚ 3 ਜਾਂ ਵੱਧ ਵਾਰ ਢਿੱਲੇ ਜਾਂ ਪਾਣੀ ਦੀ ਤਰ੍ਹਾਂ ਦਸਤ ਆਉਣਾ (ਡਾਇਰੀਆ)
- ਨਵਾਂ ਦਰਦ
- ਬਿਨਾਂ ਕਿਸੇ ਕਾਰਨ ਘਬਰਾਹਟ ਜਾਂ ਬਹੁਤ ਜ਼ਿਆਦਾ ਨੀਂਦ ਆਉਣਾ ਜਾਂ ਬੇਚੈਨੀ ਮਹਿਸੂਸ ਕਰਨਾ

**ਆਪਣੇ ਡਾਕਟਰ ਨੂੰ ਕਾਲ ਕਰਨ ਦੇ ਹੋਰ ਕਾਰਨ:**

- 12 ਘੰਟਿਆਂ ਤੋਂ ਕੁੱਝ ਖਾਣ-ਪੀਣ ਦੇ ਯੋਗ ਨਹੀਂ ਹੋ
- ਨਵਾਂ ਖ਼ੂਨ ਰਿਸਣਾ ਜਾਂ ਸੱਟ ਲੱਗਣਾ
- ਚਮੜੀ ਵਿੱਚ ਨਵੀਂ ਤਬਦੀਲੀ, ਧਫੱੜ ਜਾਂ ਛਾਲੇ
- ਚਿੰਤਾਵਾਂ ਜਾਂ ਸਵਾਲ
- ਲੱਛਣ ਜਾਂ ਮਾੜੇ ਅਸਰ ਜੋ ਨਵੇਂ ਹਨ ਜਾਂ ਵਿਗੜ ਰਹੇ ਹਨ

---

**ਕਿਸੇ ਵੀ ਸਮੱਸਿਆ ਲਈ 911 'ਤੇ ਕਾਲ ਕਰੋ ਜੇ ਤੁਹਾਨੂੰ ਲੱਗਦਾ ਹੈ ਕਿ ਐਮਰਜੈਂਸੀ ਹੈ।**